ਰਾਗ ਮਾਲਾ ॥(੧੪੨੯-੧੯)
ਰਾਗ ਏਕ ਸੰਗਿ ਪੰਚ ਬਰੰਗਨ ॥ (੧੪੨੯-੧੯, ਮਾਲਾ, -)
ਸੰਗਿ ਅਲਾਪਹਿ ਆਠਉ ਨੰਦਨ ॥ (੧੪੨੯-੧੯, ਮਾਲਾ, -)
ਪ੍ਰਥਮ ਰਾਗ ਭੈਰਉ ਵੈ ਕਰਹੀ ॥ (੧੪੨੯-੧੯, ਮਾਲਾ, -)
ਪੰਚ ਰਾਗਨੀ ਸੰਗਿ ਉਚਰਹੀ ॥ (੧੪੩੦-੧, ਮਾਲਾ, -)
ਪ੍ਰਥਮ ਭੈਰਵੀ ਬਿਲਾਵਲੀ ॥ (੧੪੩੦-੧, ਮਾਲਾ, -)
ਪੁੰਨਿਆਕੀ ਗਾਵਹਿ ਬੰਗਲੀ ॥ (੧੪੩੦-੧, ਮਾਲਾ, -)
ਪੁਨਿ ਅਸਲੇਖੀ ਕੀ ਭਈ ਬਾਰੀ ॥ (੧੪੩੦-੧, ਮਾਲਾ, -)
ਏ ਭੈਰਉ ਕੀ ਪਾਚਉ ਨਾਰੀ ॥ (੧੪੩੦-੨, ਮਾਲਾ, -)
ਪੰਚਮ ਹਰਖ ਦਿਸਾਖ ਸੁਨਾਵਹਿ ॥ (੧੪੩੦-੨, ਮਾਲਾ, -)
ਬੰਗਾਲਮ ਮਧੁ ਮਾਧਵ ਗਾਵਹਿ ॥੧॥ (੧੪੩੦-੨, ਮਾਲਾ, -)
ਲਲਤ ਬਿਲਾਵਲ ਗਾਵਹੀ ਅਪੁਨੀ ਅਪੁਨੀ ਭਾਂਤਿ ॥ (੧੪੩੦-੩, ਮਾਲਾ, -)
ਅਸਟ ਪੁਤ੍ਰ ਭੈਰਵ ਕੇ ਗਾਵਹਿ ਗਾਇਨ ਪਾਤ੍ਰ ॥੧॥ (੧੪੩੦-੩, ਮਾਲਾ, -)
ਦੁਤੀਆ ਮਾਲਕਉਸਕ ਆਲਾਪਹਿ ॥ (੧੪੩੦-੪, ਮਾਲਾ, -)
ਸੰਗਿ ਰਾਗਨੀ ਪਾਚਉ ਥਾਪਹਿ ॥ (੧੪੩੦-੪, ਮਾਲਾ, -)
ਗੋਂਡਕਰੀ ਅਰੁ ਦੇਵਗੰਧਾਰੀ ॥ (੧੪੩੦-੪, ਮਾਲਾ, -)
ਗੰਧਾਰੀ ਸੀਹੁਤੀ ਉਚਾਰੀ ॥ (੧੪੩੦-੫, ਮਾਲਾ, -)
ਧਨਾਸਰੀ ਏ ਪਾਚਉ ਗਾਈ ॥ (੧੪੩੦-੫, ਮਾਲਾ, -)
ਮਾਲ ਰਾਗ ਕਉਸਕ ਸੰਗਿ ਲਾਈ ॥ (੧੪੩੦-੫, ਮਾਲਾ, -)
ਮਾਰੂ ਮਸਤਅੰਗ ਮੇਵਾਰਾ ॥ (੧੪੩੦-੬, ਮਾਲਾ, -)
ਪ੍ਰਬਲਚੰਡ ਕਉਸਕ ਉਭਾਰਾ ॥ (੧੪੩੦-੬, ਮਾਲਾ, -)
ਖਉਖਟ ਅਉ ਭਉਰਾਨਦ ਗਾਏ ॥ (੧੪੩੦-੬, ਮਾਲਾ, -)
ਅਸਟ ਮਾਲਕਉਸਕ ਸੰਗਿ ਲਾਏ ॥੧॥ (੧੪੩੦-੬, ਮਾਲਾ, -)
ਪੁਨਿ ਆਇਅਉ ਹਿੰਡੋਲੁ ਪੰਚ ਨਾਰਿ ਸੰਗਿ ਅਸਟ ਸੁਤ ॥ (੧੪੩੦-੭, ਮਾਲਾ, -)
ਉਠਹਿ ਤਾਨ ਕਲੋਲ ਗਾਇਨ ਤਾਰ ਮਿਲਾਵਹੀ ॥੧॥ (੧੪੩੦-੭, ਮਾਲਾ, -)
ਤੇਲੰਗੀ ਦੇਵਕਰੀ ਆਈ ॥ (੧੪੩੦-੮, ਮਾਲਾ, -)
ਬਸੰਤੀ ਸੰਦੂਰ ਸੁਹਾਈ ॥ (੧੪੩੦-੮, ਮਾਲਾ, -)
ਸਰਸ ਅਹੀਰੀ ਲੈ ਭਾਰਜਾ ॥ (੧੪੩੦-੮, ਮਾਲਾ, -)
ਸੰਗਿ ਲਾਈ ਪਾਂਚਉ ਆਰਜਾ ॥ (੧੪੩੦-੯, ਮਾਲਾ, -)
ਸੁਰਮਾਨੰਦ ਭਾਸਕਰ ਆਏ ॥ (੧੪੩੦-੯, ਮਾਲਾ, -)
ਚੰਦ੍ਰਬਿੰਬ ਮੰਗਲਨ ਸੁਹਾਏ ॥ (੧੪੩੦-੯, ਮਾਲਾ, -)
ਸਰਸਬਾਨ ਅਉ ਆਹਿ ਬਿਨੋਦਾ ॥ (੧੪੩੦-੯, ਮਾਲਾ, -)
ਗਾਵਹਿ ਸਰਸ ਬਸੰਤ ਕਮੋਦਾ ॥ (੧੪੩੦-੧੦, ਮਾਲਾ, -)
ਅਸਟ ਪੁਤ੍ਰ ਮੈ ਕਹੇ ਸਵਾਰੀ ॥ (੧੪੩੦-੧੦, ਮਾਲਾ, -)
ਪੁਨਿ ਆਈ ਦੀਪਕ ਕੀ ਬਾਰੀ ॥੧॥ (੧੪੩੦-੧੦, ਮਾਲਾ, -)
ਕਛੇਲੀ ਪਟਮੰਜਰੀ ਟੋਡੀ ਕਹੀ ਅਲਾਪਿ ॥ (੧੪੩੦-੧੧, ਮਾਲਾ, -)

ਕਾਮੋਦੀ ਅਉ ਗੂਜਰੀ ਸੰਗਿ ਦੀਪਕ ਕੇ ਥਾਪਿ ॥੧॥ (੧੪੩੦-੧੧, ਮਾਲਾ, -)
ਕਾਲੰਕਾ ਕੁੰਤਲ ਅਉ ਰਾਮਾ ॥ (੧੪੩੦-੧੧, ਮਾਲਾ, -)
ਕਮਲਕੁਸਮ ਚੰਪਕ ਕੇ ਨਾਮਾ ॥ (੧੪੩੦-੧੨, ਮਾਲਾ, -)
ਗਉਰਾ ਅਉ ਕਾਨਰਾ ਕਲ੍ਯ੍ਯਾਨਾ ॥ (੧੪੩੦-੧੨, ਮਾਲਾ, -)
ਅਸਟ ਪੁਤ੍ਰ ਦੀਪਕ ਕੇ ਜਾਨਾ ॥੧॥ (੧੪੩੦-੧੨, ਮਾਲਾ, -)
ਸਭ ਮਿਲਿ ਸਿਰੀਰਾਗ ਵੈ ਗਾਵਹਿ ॥ (੧੪੩੦-੧੩, ਮਾਲਾ, -)
ਪਾਂਚਉ ਸੰਗਿ ਬਰੰਗਨ ਲਾਵਹਿ ॥ (੧੪੩੦-੧੩, ਮਾਲਾ, -)
ਬੈਰਾਰੀ ਕਰਨਾਟੀ ਧਰੀ ॥ (੧੪੩੦-੧੩, ਮਾਲਾ, -)
ਗਵਰੀ ਗਾਵਹਿ ਆਸਾਵਰੀ ॥ (੧੪੩੦-੧੪, ਮਾਲਾ, -)
ਤਿਹ ਪਾਛੈ ਸਿੰਧਵੀ ਅਲਾਪੀ ॥ (੧੪੩੦-੧੪, ਮਾਲਾ, -)
ਸਿਰੀਰਾਗ ਸਿਉ ਪਾਂਚਉ ਥਾਪੀ ॥੧॥ (੧੪੩੦-੧੪, ਮਾਲਾ, -)
ਸਾਲੂ ਸਾਰਗ ਸਾਗਰਾ ਅਉਰ ਗੋਂਡ ਗੰਭੀਰ ॥ (੧੪੩੦-੧੪, ਮਾਲਾ, -)
ਅਸਟ ਪੁਤ੍ਰ ਸ੍ਰੀਰਾਗ ਕੇ ਗੁੰਡ ਕੁੰਭ ਹਮੀਰ ॥੧॥ (੧੪੩੦-੧੫, ਮਾਲਾ, -)
ਖਸਟਮ ਮੇਘ ਰਾਗ ਵੈ ਗਾਵਹਿ ॥ (੧੪੩੦-੧੫, ਮਾਲਾ, -)
ਪਾਂਚਉ ਸੰਗਿ ਬਰੰਗਨ ਲਾਵਹਿ ॥ (੧੪੩੦-੧੬, ਮਾਲਾ, -)
ਸੋਰਠਿ ਗੋਂਡ ਮਲਾਰੀ ਧੁਨੀ ॥ (੧੪੩੦-੧੬, ਮਾਲਾ, -)
ਪੁਨਿ ਗਾਵਹਿ ਆਸਾ ਗੁਨ ਗੁਨੀ ॥ (੧੪੩੦-੧੬, ਮਾਲਾ, -)
ਊਚੈ ਸੁਰਿ ਸੂਹਉ ਪੁਨਿ ਕੀਨੀ ॥ (੧੪੩੦-੧੭, ਮਾਲਾ, -)
ਮੇਘ ਰਾਗ ਸਿਉ ਪਾਂਚਉ ਚੀਨੀ ॥੧॥ (੧੪੩੦-੧੭, ਮਾਲਾ, -)
ਬੈਰਾਧਰ ਗਜਧਰ ਕੇਦਾਰਾ ॥ (੧੪੩੦-੧੭, ਮਾਲਾ, -)
ਜਬਲੀਧਰ ਨਟ ਅਉ ਜਲਧਾਰਾ ॥ (੧੪੩੦-੧੮, ਮਾਲਾ, -)
ਪੁਨਿ ਗਾਵਹਿ ਸੰਕਰ ਅਉ ਸਿਆਮਾ ॥ (੧੪੩੦-੧੮, ਮਾਲਾ, -)
ਮੇਘ ਰਾਗ ਪੁਤ੍ਰਨ ਕੇ ਨਾਮਾ ॥੧॥ (੧੪੩੦-੧੮, ਮਾਲਾ, -)
ਖਸਟ ਰਾਗ ਉਨਿ ਗਾਏ ਸੰਗਿ ਰਾਗਨੀ ਤੀਸ ॥ (੧੪੩੦-੧੯, ਮਾਲਾ, -)
ਸਭੈ ਪੁਤ੍ਰ ਰਾਗੰਨ ਕੇ ਅਠਾਰਹ ਦਸ ਬੀਸ ॥੧॥੧॥ (੧੪੩੦-੧੯, ਮਾਲਾ, -)